## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ

(ਅਮਲਾ-2 ਸ਼ਾਖਾ)

ਹੁਕਮ ਨੰ: 15/153-2018 ਅ2(1) ਮਿਤੀ: 30.10.2018

ਵਿਸ਼ਾ: ਐਸ.ਐਸ.ਏ./ਰਸਮਾ ਵਿੱਚੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਏ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ।

ਐਸ.ਐਸ.ਏ./ਰਸਮਾ ਵਿੱਚੋਂ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੇ ਸਨਮੁੱਖ ਆਪਸ਼ਨ ਦੇਣ ਉਪਰੰਤ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਏ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਪੈਰ੍ਹਾ ਵਾਈਜ਼ ਸਪੱਸ਼ਟੀਕਰਨ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਿਭਾਗ ਵਿੱਚ ਰੈਗੂਲਰ ਤੌਰ ਤੇ ਜੁਆਇੰਨ ਕਰਨ ਸਬੰਧੀ ਆ ਰਹੀ ਮੁਸ਼ਕਿਲ | ਸਪੱਸ਼ਟੀਕਰਨ |
|---|---|---|
| 1. | ਮੁਲਾਜ਼ਮਾਂ ਨੂੰ ਹਾਜ਼ਰ ਕਰਵਾਉਣ ਸਬੰਧੀ | ਐਸ.ਐਸ.ਏ./ਰਮਸਾ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਸਬੰਧੀ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:1/62/12-3ਸਿ7/1330634/1 ਮਿਤੀ 9-10-2018 ਸਵੈ-ਸਪੱਸ਼ਟ ਹੈ। ਜਿਹੜੇ ਮੁਲਾਜ਼ਮਾਂ ਨੇ ਮਿੱਥੇ ਸਮੇਂ ਅੰਦਰ ਆਪਣੀ ਆਪਸ਼ਨ ਦਿੱਤੀ ਹੈ ਉਹਨਾਂ ਨੂੰ ਮੁੱਖ ਦਫਤਰ ਦੁਆਰਾ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਇਹਨਾਂ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਨਿਯੁਕਤੀ ਪੱਤਰ ਲੈ ਕੇ ਸਿੱਧੇ ਤੌਰ ਤੇ ਆਪਣੀ ਪੋਸਟਿੰਗ ਵਾਲੇ ਸਕੂਲ ਵਿੱਚ ਹਾਜ਼ਰ ਹੋਣਗੇ। ਜੇਕਰ ਸਬੰਧਤ ਮੁਲਾਜ਼ਮਾਂ /ਸਕੂਲ ਮੁੱਖੀ ਨੂੰ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਸਿੱਧੇ ਫੋਨ ਤੇ ਸਹਾਇਕ ਡਾਇਰੈਕਟਰ, ਸ੍ਰੀ ਲਲਿਤ ਕਿਸ਼ੋਰ ਘਈ (ਮੋ.ਨੰਬਰ 94171-50124) ਜਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਗੱਲ ਕਰਕੇ ਸਬੰਧਤ ਦਿੱਕਤ ਦਾ ਤੁਰੰਤ ਨਿਪਟਾਰਾ ਕਰਨਗੇ। ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਅਧਿਆਪਕ ਨੂੰ ਹਾਜ਼ਰ ਹੋਣ ਸਬੰਧੀ ਕੋਈ ਦਿੱਕਤ ਪੇਸ਼ ਨਾ ਆਵੇ। |
| 2. | ਪੋਸਟਾਂ ਦੀ ਮਨਜ਼ੂਰੀ ਸਬੰਧੀ | ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਦੀ ਨੋਟੀਫਿਕੇਸ਼ਨ ਨੰ:1/62/12-3ਸਿ7/1330634/1 ਦੀ ਲਗਾਤਾਰਤਾ ਵਿੱਚ ਜਿਹੜੇ ਅਧਿਆਪਕ ਆਪਸ਼ਨ ਦੇ ਕੇ ਸਿੱਖਿਆ ਵਿਭਾਗ ਵਿੱਚ ਹਾਜ਼ਰ ਹੋਏ ਹਨ, ਉਹਨਾਂ ਲਈ ਲੋੜੀਂਦੀਆਂ ਪੋਸਟਾਂ ਦੀ ਰਚਨਾ ਕਰ ਦਿੱਤੀ ਗਈ ਹੈ।<br>ਸਕੂਲ ਵਾਈਜ਼ ਸੈਕਸ਼ਨਡ ਪੋਸਟਾਂ ਦੇ ਸਬੰਧ ਵਿੱਚ ਮੁੱਖ ਦਫਤਰ ਦੁਆਰਾ ਵੱਖਰੇ ਤੌਰ ਤੇ ਸੈਕਸ਼ਨ ਜਾਰੀ ਕੀਤੀ ਜਾ ਰਹੀ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਪੋਸਟਾਂ ਦੀ ਸੈਕਸ਼ਨ ਦੀ ਵਜ੍ਹਾ ਨਾਲ ਨਵੇਂ ਤਾਇਨਾਤ ਹੋਏ ਅਧਿਆਪਕ ਨੂੰ ਆਪਣੇ ਸਬੰਧਤ ਸਕੂਲ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। |
| 3. | ਡੀ.ਡੀ.ਓ. ਪਾਵਰਾਂ ਦੇਣ ਸਬੰਧੀ | ਜਿਹੜੇ ਅਧਿਆਪਕ ਵਿਭਾਗ ਦੀਆਂ ਪਹਿਲਾਂ ਤੋਂ ਪ੍ਰਵਾਨਿਤ ਪੋਸਟਾਂ ਦੇ ਵਿਰੁੱਧ ਹਾਜ਼ਰ ਹੋ ਰਹੇ ਹਨ ਉਹਨਾਂ ਨੂੰ ਹਾਜ਼ਰੀ ਸਬੰਧੀ ਕੋਈ ਦਿੱਕਤ ਪੇਸ਼ ਆਉਣ ਦੀ ਉਮੀਦ ਨਹੀਂ ਹੈ। ਨਵੇਂ ਹਾਜ਼ਰ ਹੋਏ ਅਧਿਆਪਕਾਂ ਸਬੰਧੀ ਸਬੰਧਤ ਡੀ.ਡੀ.ਓ. ਆਪਣੇ ਪੱਧਰ ਕਾਰਵਾਈ ਮੁਕੰਮਲ ਕਰਨਗੇ।<br>ਜਿਹੜੇ ਅਧਿਆਪਕਾਂ ਦੀ ਪੋਸਟਿੰਗ ਐਸ.ਐਸ.ਏ/ਰਮਸਾ ਦੇ ਸਕੂਲਾਂ ਵਿੱਚ ਹੀ (ਆਪਣੇ ਸਿਟਿੰਗ ਸਟੇਸ਼ਨ) ਹੋਈ ਹੈ, ਉਹ ਹਾਲ ਦੀ ਘੜੀ ਤੈਨਾਤੀ ਵਾਲੇ ਸਕੂਲਾਂ ਵਿੱਚ ਹੀ ਆਪਣੀ ਹਾਜ਼ਰੀ ਰਿਪੋਰਟ ਦੇਣੀ ਯਕੀਨੀ ਬਣਾਉਣਗੇ।<br>ਮੁੱਖ ਦਫਤਰ ਦੁਆਰਾ ਐਸ.ਐਸ.ਏ./ਰਮਸਾ ਸਕੂਲਾਂ ਨੂੰ ਡੀ.ਡੀ.ਓ. ਜਾਂ ਕਲੱਸਟਰ ਦੇ ਅਧੀਨ ਲਿਆਉਣ ਲਈ ਵੱਖਰੇ ਤੌਰ ਤੇ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਰਹੀ ਹੈ।<br>ਜਿੱਥੋਂ ਤੱਕ ਪ੍ਰਾਨ ਨੰਬਰ ਦਾ ਸਬੰਧ ਹੈ, ਸਬੰਧਤ ਡੀ.ਡੀ.ਓ. ਆਨਲਾਈਨ ਐਪਲੀਕੇਸ਼ਨ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਭੇਜਣਗੇ।<br>ਨਿਰਧਾਰਤ ਸਮੇਂ ਦੌਰਾਨ ਸਬੰਧਤ ਮੁਲਾਜ਼ਮ ਨੂੰ ਪ੍ਰਾਨ ਨੰਬਰ ਵਿੱਤ ਵਿਭਾਗ ਦੁਆਰਾ ਜਾਰੀ ਕਰ ਦਿੱਤਾ ਜਾਵੇਗਾ। |

Scanned by CamScanner

| | | |
|---|---|---|
| 4. | ਮੈਡੀਕਲ ਅਤੇ ਪੁਲਿਸ ਵੈਰੀਫਿਕੇਸ਼ਨ ਸਬੰਧੀ | ਜਿਹੜੇ ਅਧਿਆਪਕਾਂ ਦਾ ਐਸ.ਐਸ.ਏ./ਰਮਸਾ ਵਿੱਚ ਜੁਆਇਨ ਕਰਨ ਸਮੇਂ ਮੈਡੀਕਲ ਹੋ ਚੁੱਕਿਆ ਹੈ ਅਤੇ ਪੁਲਿਸ ਵੈਰੀਫਿਕੇਸ਼ਨ ਵੀ ਹੋਈ ਹੈ ਉਹਨਾਂ ਨੂੰ ਮੁੜ ਮੈਡੀਕਲ ਜਾਂ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਦੀ ਜ਼ਰੂਰਤ ਨਹੀਂ ਹੈ। |
| 5. | ਡੀ.ਡੀ.ਓ. ਪਾਵਰਾਂ ਅਲਾਟ ਕਰਨ ਉਪਰੰਤ ਅਗਲੇਰੀ ਕਾਰਵਾਈ ਸਬੰਧੀ | ਇਸ ਸਬੰਧ ਵਿੱਚ ਸਥਿਤੀ ਪਹਿਲਾਂ ਹੀ ਪੈਰ੍ਹਾ ਨੰ:3 ਵਿੱਚ ਸਪੱਸ਼ਟ ਕੀਤੀ ਜਾ ਚੁੱਕੀ ਹੈ। ਵਿਭਾਗ ਦੁਆਰਾ ਇਸ ਨੂੰ ਸਮੇਂ-ਸਮੇਂ ਸਿਰ ਸਬੰਧਤ ਡੀ.ਡੀ.ਓ./ਜ਼ਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਮੋਨੀਟਰ ਕੀਤਾ ਜਾਵੇਗਾ ਤਾਂ ਜੋ ਅਧਿਆਪਕਾਂ ਦੀ ਤਨਖਾਹ ਟਰੇਜ਼ਰੀ ਰਾਹੀਂ ਕਢਵਾਉਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। |
| 6. | ਪਹਿਲਾਂ ਹੀ ਡਿਮਾਂਡ ਪੋਸਟਾਂ ਤੇ ਕੰਮ ਕਰਦੇ ਮੁਲਾਜ਼ਮਾਂ ਸਬੰਧੀ | ਜੇਕਰ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਕਿਸੇ ਸਕੂਲ ਦੇ ਵਿੱਚ ਡਿਮਾਂਡ ਦੀ ਪੋਸਟ ਦੀ ਉਚਿੱਤਤਾ ਬਣਦੀ ਹੈ ਤਾਂ ਵਿਭਾਗ ਦੁਆਰਾ ਨਾਲ ਦੀ ਨਾਲ ਪੋਸਟ ਸੈਕਸ਼ਨ ਕਰਕੇ ਸਬੰਧਤ ਡੀ.ਡੀ.ਓ. ਦੀ ਮੇਲ ਆਈ.ਡੀ. ਤੇ ਭਿਜਵਾਈ ਜਾ ਰਹੀ ਹੈ।<br>ਜਿੱਥੇ ਕਿਸੇ ਅਧਿਆਪਕ ਦੁਆਰਾ ਰੈਗੂਲਰ ਹੋਣ ਲਈ ਨਿਯੁਕਤੀ ਪੱਤਰ ਲੈਣ ਸਮੇਂ ਇਹੋ ਜਿਹੀ ਪੋਸਟ ਦੀ ਡਿਮਾਂਡ ਕੀਤੀ ਜਾਂਦੀ ਹੈ ਜਿੱਥੇ ਫਿਲਹਾਲ ਐਸ.ਐਸ.ਏ./ਰਮਸਾ ਦਾ ਅਧਿਆਪਕ ਲੱਗਿਆ ਹੋਇਆ ਹੈ ਤਾਂ ਨਵੇਂ ਰੈਗੂਲਰ ਹੋਏ ਵਿਭਾਗੀ ਅਧਿਆਪਕ ਨੂੰ ਤਰਜੀਹ ਦਿੱਤੀ ਜਾਣੀ ਹੈ। ਸਬੰਧਤ ਡੀ.ਈ.ਓ. ਅਤੇ ਸਕੂਲ ਮੁੱਖੀ ਨਵੇਂ ਰੈਗੂਲਰ ਹੋਏ ਅਧਿਆਪਕ ਨੂੰ ਜੁਆਇਨ ਕਰਵਾਉਣਗੇ ਅਤੇ ਪਹਿਲਾਂ ਤੋਂ ਐਸ.ਐਸ.ਏ/ਰਮਸਾ ਅਧੀਨ ਤੈਨਾਤ ਅਧਿਆਪਕ ਜੇਕਰ ਉਸ ਨੇ ਰੈਗੂਲਰ ਹੋਣ ਲਈ ਆਪਣੀ ਆਪਸ਼ਨ ਨਹੀਂ ਦਿੱਤੀ ਹੈ ਤਾਂ ਉਸ ਨੂੰ ਲੋੜਬੰਦ ਜਗ੍ਹਾ ਤੇ ਤੈਨਾਤ ਕਰਨ ਲਈ ਈ.ਮੇਲ ਆਈ. Adminpunjab@punjabeducation.gov.in ਤੇ ਆਪਣੀ ਤਜਵੀਜ਼ ਭੇਜਣਗੇ। |
| 7. | ਸਰਵਿਸ ਬੁੱਕ ਮੇਨਟੇਨ ਕਰਨ ਸਬੰਧੀ | ਐਸ.ਐਸ.ਏ./ਰਮਸਾ ਅਧੀਨ ਨਿਯੁਕਤੀ ਦੌਰਾਨ ਲਗਾਈ ਸਰਵਿਸ ਬੁੱਕ ਅਧਿਆਪਕਾਂ ਦੇ ਉਸ ਸਕੂਲ ਵਿੱਚ ਹੀ ਰਹੇਗੀ ਜਿੱਥੇ ਉਸ ਨੇ ਆਖਰੀ ਸਮੇਂ ਕੰਮ ਕੀਤਾ ਹੈ। ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਣ ਲਈ ਨਿਯੁਕਤੀ ਪੱਤਰ ਪ੍ਰਾਪਤ ਹੋਣ ਉਪਰੰਤ ਅਧਿਆਪਕ ਜਿਸ ਸਕੂਲ ਵਿੱਚ ਹਾਜ਼ਰ ਹੁੰਦਾ ਹੈ ਉਸ ਸਕੂਲ ਦੇ ਡੀ.ਡੀ.ਓ. ਵੱਲੋਂ ਨਵੀਂ ਸਰਵਿਸ ਬੁੱਕ ਲਗਾਈ ਜਾਵੇਗੀ। |
| 8. | ਤਨਖਾਹ ਸਬੰਧੀ ਸਪੱਸ਼ਟੀਕਰਨ | ਨਵੇਂ ਰੈਗੂਲਰ ਹੋਏ ਕਰਮਚਾਰੀਆਂ ਦੀ ਤਨਖਾਹ ਟਰੇਜ਼ਰੀ ਰਾਹੀਂ ਬਾਕੀ ਸਰਕਾਰੀ ਮੁਲਾਜ਼ਮਾਂ ਵਾਂਗ ਹੀ ਦਿੱਤੀ ਜਾਣੀ ਹੈ ਪਰੰਤੂ ਕੁਝ ਮੁਲਾਜ਼ਮਾਂ ਦੁਆਰਾ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਆਉਣ ਵਾਲੇ ਤਿਉਹਾਰਾਂ ਲਈ ਉਹਨਾਂ ਪੈਸਿਆਂ ਦੀ ਸਖਤ ਜ਼ਰੂਰਤ ਹੈ। ਇਸ ਲਈ ਉਹਨਾਂ ਨੂੰ ਅਕਤੂਬਰ 2018 ਤੱਕ ਦੀ ਤਨਖਾਹ ਉਹਨਾਂ ਦੇ ਖਾਤਿਆਂ ਵਿੱਚ ਹੀ ਭੇਜੀ ਜਾ ਰਹੀ ਹੈ। ਬਾਅਦ ਵਿੱਚ ਸਿੱਖਿਆ ਵਿਭਾਗ/ਐਸ.ਐਸ.ਏ./ਰਮਸਾ ਦੁਆਰਾ ਮੁੱਖ ਦਫਤਰ ਵਿਖੇ ਆਪਸੀ ਅਡਜੱਸਟਮੈਂਟ ਕਰ ਲਈ ਜਾਵੇਗੀ। |
| 9. | ਅੰਤਰਿਮ ਰਾਹਤ ਬਾਰੇ | ਨਵੇਂ ਰੈਗੂਲਰ ਹੋਏ ਮੁਲਾਜ਼ਮਾਂ ਨੂੰ ਵਿੱਤ ਵਿਭਾਗ ਦੇ ਪੱਤਰ ਮਿਤੀ 27-3-2017 ਅਨੁਸਾਰ ਬਣਦੀ ਅੰਤਰਿਮ ਰਾਹਤ ਦਿੱਤੀ ਜਾਣੀ ਹੈ। |
| 10. | ਛੁੱਟੀਆਂ ਬਾਰੇ | ਨਵੇਂ ਰੈਗੂਲਰ ਹੋਏ ਮੁਲਾਜ਼ਮਾਂ ਨੂੰ ਛੁੱਟੀਆਂ ਬਾਕੀ ਸਰਕਾਰੀ ਮੁਲਾਜ਼ਮਾਂ ਵਾਂਗ ਨਿਯਮਾਂ ਅਨੁਸਾਰ ਮਿਲਣਗੀਆਂ। |
| 11. | ਨਿਯੁਕਤੀ ਪੱਤਰਾਂ ਸਬੰਧੀ | ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਬੰਧਤ ਮੁਲਾਜ਼ਮ ਦੁਆਰਾ ਦਿੱਤੀ ਗਈ ਆਈ.ਡੀ. ਵਿੱਚ ਵਿਭਾਗ ਦੁਆਰਾ ਨਿਯੁਕਤੀ ਪੱਤਰ ਅਪਲੋਡ ਕਰ ਦਿੱਤਾ ਜਾਵੇਗਾ ਅਤੇ ਅਸਲ ਕਾਪੀਆਂ ਉਹਨਾਂ ਦੇ ਰਿਹਾਇਸ਼ੀ ਪਤੇ ਰਜਿਸਟਰਡ ਡਾਕ ਭੇਜ ਦਿੱਤੀਆਂ ਜਾਣਗੀਆਂ। |

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

Scanned by CamScanner